# ਜੀ. ਐੱਨ. ਡੀ. ਯੂ. ਰਿਜਨਲ ਕੈਂਪਸ ਵਿਖੇ ਕਰਵਾਏ ਲਾਅ ਫੈਸਟ 'ਚ ਸਜੇ ਕਾਨੂੰਨੀ, ਕਲਾ ਤੇ ਸਾਹਿਤ ਦੇ ਮੰਚ



*ਪ੍ਰੋਗਰਾਮ ਦੌਰਾਨ ਹਾਜ਼ਰ ਵੱਖ-ਵੱਖ ਖੇਤਰਾਂ ਦੇ ਨੁਮਾਇੰਦਿਆਂ ਨਾਲ ਡਾ. ਜੋਤਿਸ਼ ਮਲਹੋਤਰਾ ਤੇ ਰੂਪਮ ਜਗੋਤਾ।* (ਪੁਨੀਤ)



*ਰੰਗਾਰੰਗ ਪ੍ਰੋਗਰਾਮ ਦੌਰਾਨ ਭੰਗੜਾ ਪਾਉਂਦੇ ਹੋਏ ਵਿਦਿਆਰਥੀ।* (ਪੁਨੀਤ)

ਜਲੰਧਰ, 8 ਅਪ੍ਰੈਲ (ਪੁਨੀਤ)-ਜੀ .ਐੱਨ. ਡੀ. ਯੂ. ਰਿਜਨਲ ਕੈਂਪਸ ਦੇ ਲਾਅ ਵਿਭਾਗ ਵੱਲੋਂ 2 ਰੋਜ਼ਾ ਲਾਅ ਫੈਸਟ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਕਾਨੂੰਨੀ, ਕਲਾ ਅਤੇ ਸਾਹਿਤ ਨਾਲ ਜੁੜੇ ਮੰਚ ਸਜਾਏ ਗਏ। ਜਿਊਰੀ ਆਫ਼ ਟ੍ਰਾਇਲ, ਕਲਾਇੰਟ ਕਾਊਂਸਲਿੰਗ, ਡਿਬੇਟ, ਲੀਗਲ ਕੁਇੱਜ਼, ਬਾਲੀਵੁੱਡ ਕੋਰਟ, ਕੈਲੀਗ੍ਰਾਫੀ, ਪੋਸਟਰ ਮੇਕਿੰਗ, ਆਰਟ ਆਊਟ ਆਫ਼ ਡੰਪ ਸਮੇਤ ਰੰਗੋਲੀ ਦੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਵਿਦਿਆਰਥੀਆਂ ਨੇ ਖੂਬ ਦਾਦ ਬਟੋਰੀ।

ਖਪਤਕਾਰ ਝਗੜਾ ਨਿਪਟਾਊ ਮੰਚ ਜਲੰਧਰ ਅਤੇ ਸੀ. ਜੇ. ਐੱਮ. ਸਕੱਤਰ ਡਾ. ਗਗਨਦੀਪ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਕਾਨੂੰਨ ਦੀਆਂ ਬਾਰੀਕੀਆਂ ਸਬੰਧੀ ਜਾਗਰੂਕ ਰਹਿਣ ਦੇ ਟਿਪਸ ਦਿੱਤੇ। ਬਾਰ ਕੌਂਸਲ ਦੇ ਸੀਨੀਅਰ ਐਡਵੋਕੇਟ ਆਦਿੱਤਿਆ ਜੈਨ, ਐਡਵੋਕੇਟ ਤਜਿੰਦਰ ਧਾਲੀਵਾਲ ਸਮੇਤ ਕਈ ਪਤਵੰਤਿਆਂ ਨੂੰ ਜਿਊਰੀ ਪੈਨਲ ਵਿਚ ਸ਼ਾਮਲ ਕੀਤਾ ਗਿਆ।

ਸੱਭਿਆਚਾਰਕ ਪ੍ਰੋਗਰਾਮ ਵਿਚ ਗਾਇਕੀ, ਡਾਂਸ ਅਤੇ ਫੈਸ਼ਨ ਸ਼ੋਅ ਖਿੱਚ ਦਾ ਕੇਂਦਰ ਰਹੇ। ਇਸ ਵਿਚ ਏ. ਡੀ. ਸੀ. ਪੀ.-2 ਆਈ. ਪੀ. ਐੱਸ. ਆਦਿੱਤਿਆ, ਐੱਸ. ਪੀ. ਸਰਵਜੀਤ ਸਿੰਘ, ਪੀ. ਏ. ਪੀ. ਤੋਂ ਡੀ. ਐੱਸ. ਪੀ. ਪਰਮਵੀਰ ਸਿੰਘ ਸਹੋਤਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜੀ. ਐੱਨ. ਡੀ. ਯੂ. ਦੇ ਐਸੋਸੀਏਟ ਡੀਨ ਡਾ. ਜੋਤਿਸ਼ ਮਲਹੋਤਰਾ ਅਤੇ ਕਾਨੂੰਨ ਵਿਭਾਗ ਦੇ ਮੁਖੀ ਰੂਪਮ ਜਗੋਤਾ ਸਮੇਤ ਮੋਹਤਬਰਾਂ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।


PRESENTS
“AAGAAZ 2023”
(DATE :- 6th & 7th APRIL)
TIME :- 9AM ONWARDS
LAW


NAWAB ENTERTAINER 9915356520


GURU NANAK DEV UNIVERSITY, REGIONAL CAMPUS, JALANDHAR
DEPARTMENT OF LAWS
PRESENTS
"AAGAAZ 2023"


STUDY VISA